# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਐ.ਸਿ),ਪੰਜਾਬ, ਐਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਫੇਜ-8 ਐਸ.ਏ.ਐਸ.ਨਗਰ

## (ਅਮਲਾ-1 ਸ਼ਾਖਾ)

ਹੁਕਮ ਨੰ: ਪ/ਵ-24/190-2015 ਅਮਲਾ1(1)

ਮਿਤੀ:ਐਸ.ਏ.ਐਸ.ਨਗਰ 31-07-2018

ਸਕੂਲ ਸਿੱਖਿਆ ਵਿਭਾਗ (ਐਲੀਮੈਂਟਰੀ) ਵਿੱਚ ਕੰਮ ਕਰਦੇ ਸੈਂਟਰ ਹੈਡ ਟੀਚਰਾਂ ਨੂੰ ਬਤੌਰ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਪਦ ਉਨਤੀ ਕਰਨ ਲਈ ਚੇਅਰਮੈਨ ਸਕਰੀਨਿੰਗ ਕਮੇਟੀ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਮਿਤੀ: 30.07.2018 ਵਿੱਚ ਵਿਚਾਰਨ ਉਪਰੰਤ ਯੋਗ ਪਾਏ ਕਰਮਚਾਰੀਆਂ ਦੀਆਂ ਤਰੱਕੀਆਂ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ) ਪੰਜਾਬ ਅਧੀਨ ਜਿਲ੍ਹਾ ਕਾਡਰ ਗਰੁੱਪ-ਬੀ ਦੀਆਂ ਅਸਾਮੀਆਂ ਦੀ ਤਰੱਕੀ ਪ੍ਰਸੋਨਲ ਵਿਭਾਗ ਪੰਜਾਬ ਸਰਕਾਰ (ਪੀ.ਪੀ.-1 ਸ਼ਾਖਾ) ਦੇ ਅੰ:ਵਿ:ਪੱ ਨੰ: 4/43/09-3ਪੀ.ਪੀ.1/2137 ਮਿਤੀ: 10-12-2009 ਅਤੇ ਅੰ:ਵਿ:ਪੱ:ਨੰ: 4/43/09-3ਪੀ.ਪੀ.1/573 ਮਿਤੀ: 17-7-2012 ਰਾਹੀਂ ਜਾਰੀ ਹਦਾਇਤਾਂ ਦੀ ਰੋਸ਼ਨੀ ਵਿੱਚ ਬਿਨ੍ਹਾ ਡੀ.ਪੀ.ਸੀ. ਤੋਂ ਕੀਤੀ ਜਾਣੀ ਹੈ। ਨਾਨ ਗਜਟਿਡ ਅਧਿਕਾਰੀਆਂ ਦੀਆਂ ਇਹ ਤਰੱਕੀਆਂ ਕੇਵਲ ਕਾਇਮ ਮੁਕਾਮ ਹਨ ਅਤੇ ਸਿੱਧੀ ਭਰਤੀ ਕੋਟੇ ਦੀਆਂ 25% ਅਸਾਮੀਆਂ ਲਈ ਨਿਯਮ ਜੋ ਪਹਿਲਾਂ ਪੰਜਾਬ ਸਟੇਟ ਐਜੂਕੇਸ਼ਨ ਕਲਾਸ-3 (ਪ੍ਰਾਇਮਰੀ ਸਕੂਲ ਕਾਡਰ) ਸੇਵਾ ਨਿਯਮ, 1997 ਅਧੀਨ ਕਵਰ ਹੁੰਦੀਆਂ ਸਨ, ਨੂੰ ਹੁਣ ਬੀ-ਕੈਟਾਗਰੀ ਵਿੱਚ ਆ ਜਾਣ ਕਾਰਨ ਸਕਰੀਨਿੰਗ ਕਮੇਟੀ ਦੀ ਸਿਫਾਰਸ਼ ਅਨੁਸਾਰ ਤਨਖਾਹ ਸਕੇਲ 10300-34800+5000 ਗਰੇਡ ਪੇ ਸਕੇਲ ਵਿੱਚ ਹੇਠ ਲਿਖਤ ਅਨੁਸਾਰ ਕੀਤੀਆਂ ਜਾਂਦੀਆਂ ਹਨ।

**ਪਟਿਆਲਾ**

| ਲੜੀ ਨੰ: | ਕਰਮਚਾਰੀ ਦਾ ਨਾਮ | ਸਕੂਲ | ਕੈਟਾਗਰੀ | ਸੀਨੀਆਰਤਾ ਨੰ: | ਰਿਟਾਇਰਮੈਂਟ ਦੀ ਮਿਤੀ | ਵਿਸੇਸ ਕਥਨ |
|---|---|---|---|---|---|---|
| 1 | ਦਲਬੀਰ ਸਿੰਘ | ਸਪ੍ਰਸ ਸੁਤਰਾਣਾ | ਬੀ.ਸੀ. | 8 | 30.06.2020 | |
| 2 | ਅਮਰ ਨਾਥ | ਸਪ੍ਰਸ ਗੋਬਿੰਦਪੁਰਾ | ਐਸ.ਸੀ. | 9 | 28.02.2021 | |
| 3 | ਸੰਤ ਰਾਮ | ਸਪ੍ਰਸ ਦਫਤਰੀਵਾਲਾ | ਐਸ.ਸੀ. | 10 | 28.02.2019 | |

ਇਨ੍ਹਾਂ ਪਦ ਉਨਤੀਆਂ ਤੇ ਹੇਠ ਲਿਖੀਆਂ ਸ਼ਰਤਾਂ ਲਾਗੂ ਹੋਣਗੀਆਂ:-

1) ਇਹਨਾਂ ਤਰੱਕੀਆਂ ਲਈ ਇੱਕ ਸਾਲ ਦਾ ਪਰਖ ਕਾਲ ਹੋਵੇਗਾ। ਜੇਕਰ ਇਸ ਸਮੇਂ ਦੌਰਾਨ ਸਬੰਧਤ ਅਧਿਕਾਰੀ ਦਾ ਕੰਮ ਅਤੇ ਆਚਰਨ ਤਸੱਲੀ ਬਖਸ਼ ਨਹੀਂ ਪਾਇਆ ਗਿਆ ਤਾਂ ਪਰਖ ਕਾਲ ਸਮਾਂ ਨਿਯਮਾਂ ਅਨੁਸਾਰ ਵਧਾ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਜੇਕਰ ਕੋਈ ਸੈਂਟਰ ਹੈੱਡ ਟੀਚਰ ਇਸ ਵੇਲੇ ਪਰਖ ਕਾਲ ਸਮੇਂ ਤੇ ਚੱਲ ਰਿਹਾ ਹੋਵੇ ਤਾਂ ਉਸ ਨੂੰ ਬੀ.ਪੀ.ਈ.ਓ. ਦੀ ਅਸਾਮੀ ਤੇ ਤਰੱਕੀ ਉਪਰੰਤ ਹਾਜਰ ਨਾ ਕਰਵਾਇਆ ਜਾਵੇ ਅਤੇ ਲਿਖਤੀ ਰੂਪ ਵਿਚ ਪੂਰੇ ਵੇਰਵਿਆ ਸਹਿਤ ਤਜਵੀਜ ਤਿਆਰ ਕਰਕੇ ਇਸ ਦਫਤਰ ਨੂੰ ਯੋਗ ਫੈਸਲੇ ਹਿੱਤ ਭੇਜੀ ਜਾਵੇ।

2) ਇਹ ਪਦ ਉੱਨਤ ਹੋਏ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਆਪਣੀ ਹਾਜਰੀ ਰਿਪੋਰਟ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਨੂੰ ਮਿਤੀ 03/08/2018 ਤੱਕ ਪੇਸ਼ ਕਰਨਗੇ।

3) ਇਹ ਹੁਕਮ ਪਦ ਉੱਨਤ ਹੋਏ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦੇ ਹਾਜਰ ਹੋਣ ਦੀ ਮਿਤੀ ਤੋਂ ਹੀ ਲਾਗੂ ਹੋਣਗੇ।

31/7/18

4) ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਇਸ ਦਫਤਰ ਨੂੰ ਨਿਸ਼ਚਿਤ ਮਿਤੀ ਤੱਕ ਹਾਜਰ ਨਾ ਹੋਣ ਵਾਲੇ ਬਲਾਕ ਪ੍ਰਾਇਮਰੀ ਸਿਖਿਆ ਅਫਸਰਾਂ ਦੀ ਰਿਪੋਰਟ ਲਿਖਤੀ ਰੂਪ ਵਿੱਚ ਮਿਤੀ 03/08/2018 ਤੱਕ ਹਰ ਹਾਲਤ ਵਿਚ ਪੇਸ਼ ਕਰਨਾਂ ਯਕੀਨੀ ਬਣਾਉਣਗੇ। ਤਰੱਕੀ ਉਪਰੰਤ ਹਾਜਰ ਨਾ ਹੋਣ ਦੀ ਸੂਰਤ ਵਿਚ ਸਬੰਧਤ ਕਰਮਚਾਰੀ ਨੂੰ 02 ਸਾਲ ਲਈ ਡੀਬਾਰ ਕਰ ਦਿੱਤਾ ਜਾਵੇਗਾ।

5) ਇਹਨਾਂ ਤਰੱਕੀਆਂ ਤੇ ਵੱਖ-ਵੱਖ ਮਾਨਯੋਗ ਅਦਾਲਤਾਂ ਵਲੋਂ ਵੱਖ-ਵੱਖ ਕੋਰਟ ਕੇਸਾਂ ਵਿਚ ਸਮੇਂ-ਸਮੇਂ ਤੇ ਕੀਤੇ ਜਾਣ ਵਾਲੇ ਫੈਸਲੇ ਲਾਗੂ ਹੋਣਗੇ।

6. ਸਬੰਧਤ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਇਹਨਾਂ ਕਰਮਚਾਰੀਆਂ ਦੀਆਂ ਗੁਪਤ ਰਿਪੋਰਟਾਂ ਅਤੇ ਹੋਰ ਸਾਰਾ ਰਿਕਾਰਡ ਆਪਣੇ ਪੱਧਰ ਤੇ ਹਾਜਰ ਕਰਵਾਉਣ ਤੋਂ ਪਹਿਲਾਂ ਚੈੱਕ ਕਰਕੇ ਇਹ ਯਕੀਨੀ ਬਣਾਉਣਗੇ ਕਿ ਗੁਪਤ ਰਿਪੋਰਟਾਂ ਦੇ ਅੰਕ ਪੂਰੇ ਬਣਦੇ ਹਨ। ਜੇਕਰ ਕਿਸੇ ਕਰਮਚਾਰੀ ਵਿਰੁੱਧ ਕਿਸੇ ਕਿਸਮ ਦਾ ਕੋਈ ਗੰਭੀਰ ਕਿਸਮ ਦਾ ਮਾਮਲਾ ਜਾਂ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ)ਰੂਲਜ਼ 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਜਾਰੀ ਨਾ ਹੋਈ ਹੋਵੇ ਜਾਂ ਦੋਸ਼ ਸੂਚੀ ਦੇ ਸਬੰਧ ਵਿਚ ਦਿੱਤੀ ਗਈ ਸਜਾ ਮੁਕੰਮਲ ਹੋਣੀ ਯਕੀਨੀ ਬਣਾਈ ਜਾਵੇ।

ਇੰਦਰਜੀਤ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ(ਐ.ਸਿ),ਪੰਜਾਬ

ਪਿੱਠ ਅੰਕਣ ਨੰ: ਉਕਤ 3749 ਮਿਤੀ: ਐਸ.ਏ.ਐਸ.ਨਗਰ 31-7-18

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਪੀ.ਏ. ਟੂ ਮਾਨਯੋਗ ਸਿੱਖਿਆ ਮੰਤਰੀ, ਪੰਜਾਬ ਸਰਕਾਰ, ਚੰਡੀਗੜ੍ਹ।
2) ਮਾਨਯੋਗ ਸਕੱਤਰ, ਪੰਜਾਬ ਸਰਕਾਰ ਸਿੱਖਿਆ ਵਿਭਾਗ(ਸਿ-7 ਸ਼ਾਖਾ) ਚੰਡੀਗੜ੍ਹ।
3) ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀ ਨੂੰ ਆਪਣੇ ਪੱਧਰ ਤੇ ਲਿਖਤੀ ਰੂਪ ਵਿਚ ਉਸ ਦੀ ਪਦ ਉੱਨਤੀ ਸਬੰਧੀ ਨੋਟ ਕਰਵਾਇਆ ਜਾਵੇ ਅਤੇ ਹਾਜਰ ਕਰਵਾਉਣ ਤੋਂ ਪਹਿਲਾਂ ਉਸਦਾ ਅਸਲ ਗੁਪਤ ਰਿਕਾਰਡ ਚੈਕ ਕਰਨਾ ਯਕੀਨੀ ਬਣਾਇਆ ਜਾਵੇ। ਕਰਮਚਾਰੀ ਵਿਰੁੱਧ ਕੋਈ ਸਿਕਾਇਤ ਇੰਨਕੁਆਰੀ ਪੈਂਡਿੰਗ ਨਾ ਹੋਵੇ। ਜੇਕਰ ਅਜਿਹਾ ਕੋਈ ਮਾਮਲਾ ਧਿਆਨ ਵਿੱਚ ਆਉਂਦਾ ਹੈ ਤਾਂ ਕਰਮਚਾਰੀ ਨੂੰ ਤਰੱਕੀ ਉਪਰੰਤ ਹਾਜਰ ਨਾ ਕਰਵਾਇਆ ਜਾਵੇ ਅਤੇ ਉਸਦਾ ਕੇਸ ਡਾਇਰੈਕਟੋਰੇਟ ਨੂੰ ਭੇਜਿਆ ਜਾਵੇ। ਜੇਕਰ ਤਰੱਕੀ ਉਪਰੰਤ ਕੋਈ ਅਧਿਕਾਰੀ ਤਰੱਕੀ ਵਾਲੀ ਅਸਾਮੀ ਤੇ ਹਾਜਰ ਨਹੀਂ ਹੁੰਦਾ ਜਾਂ ਨਹੀਂ ਹੋਣਾ ਚਾਹੁੰਦਾ ਹੋਵੇ ਤਾਂ ਅਜਿਹੀ ਹਾਲਤ ਵਿਚ ਉਸ ਤੋਂ ਹਲਫੀਆ ਬਿਆਨ/ਸਵੈ-ਘੋਸ਼ਣਾ ਪੱਤਰ ਪ੍ਰਾਪਤ ਕਰਕੇ ਨਾਲ ਅਸਲ ਰੂਪ ਵਿਚ ਲਿਆਂਦਾ ਜਾਵੇ। ਇਸ ਮਾਮਲੇ ਵਿਚ ਕਿਸੇ ਕਿਸਮ ਦੀ ਕੋਈ ਅਣਗਹਿਲੀ ਨਾ ਵਰਤੀ ਜਾਵੇ। ਮਿਤੀ 04/08/2018 ਨੂੰ ਇਹਨਾਂ ਅਧਿਕਾਰੀਆਂ ਨੂੰ ਸਟੇਸ਼ਣ ਅਲਾਟਮੈਂਟ ਲਈ ਮੁੱਖ ਦਫਤਰ ਵਿਖੇ ਸਵੇਰੇ 10:00 ਵਜੇ ਤੱਕ ਨਿੱਜੀ ਪੱਧਰ ਤੇ ਹਾਜਰ ਹੋਣ ਦੀ ਹਦਾਇਤ ਕੀਤੀ ਜਾਵੇ ਅਤੇ ਸਬੰਧਤ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਖੁਦ ਉਸ ਸਮੇਂ ਬੀ.ਪੀ.ਈ.ਓ. ਦੇ ਖਾਲੀ ਪਏ ਬਲਾਕਾਂ ਦੀ ਲਿਸਟ ਵੀ ਨਾਲ ਲਿਆਉਣਗੇ।
4) ਜਿਲ੍ਹਾ ਖਜਾਨਾ ਅਫਸਰ ਪਟਿਆਲਾ।
5) ਸਬੰਧਤ ਕਰਮਚਾਰੀ।
6) ਐਮ.ਆਈ.ਐਸ ਵਿੰਗ, ਦਫਤਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ, ਮੋਹਾਲੀ ਨੂੰ ਵਿਭਾਗ ਦੀ ਵੈੱਬਸਾਈਟ ਅਤੇ ਨੋਟਿਸ ਬੋਰਡ ਤੇ ਅਪਲੋਡ ਕਰਨ ਲਈ।

31/7/18

ਡਿਪਟੀ ਡਾਇਰੈਕਟਰ (ਅਮਲਾ)